**ਅਕਾਦਮਿਕ ਸਾਲ 2024-25**

**ਵਿਸ਼ਾ- ਸਮਾਜਿਕ ਸਿੱਖਿਆ**

**ਸ਼੍ਰੇਣੀ - ਦਸਵੀਂ**

**ਮਾਡਲ ਪ੍ਰਸ਼ਨ ਪੱਤਰ**

# (ਵਿਲੱਖਣ ਸਮਰਥਾ ਵਾਲੇ ਪਰੀਖਿਆਰਥੀਆਂ ਲਈ )

**ਸਮਾਂ: 3 ਘੰਟੇ** **ਕੁੱਲ ਅੰਕ: 80**

**(i) ਸਾਰੇ ਪ੍ਰਸ਼ਨ ਲਾਜ਼ਮੀ ਹਨ ।**

**(ii) ਪ੍ਰਸ਼ਨ - ਪੱਤਰ 5 ਭਾਗਾਂ (ੳ,ਅ,ੲ,ਸ,ਹ) ਵਿੱਚ ਵੰਡਿਆ ਗਿਆ ਹੈ।**

## ਭਾਗ (ੳ)

## ਬਹੁ-ਵਿਕਲਪੀਪ੍ਰਸ਼ਨ

1. ਹੇਠ ਲਿਖਿਆਂ ਵਿੱਚੋਂ ਸਹੀ ਦੀ ਚੋਣ ਕਰੋ ।ਸਾਰੇ ਪ੍ਰਸ਼ਨ ਜ਼ਰੂਰੀ ਹਨ। **10 x 2 = 20**

(i) ਜੈਵਿਕ ਭੂਗੋਲ ਕੀ ਹੈ?

(ੳ) ਜੀਵੰਤਾਂ ਦਾ ਵਿਆਪਕ ਅਧਿਐਨ (ਅ) ਸਿਰਫ਼ ਜੈਵਿਕ ਸੰਸਾਰ

(ੲ) ਸਿਰਫ਼ ਅਜੈਵਿਕ ਸੰਸਾਰ (ਸ) ਨਿਰਜੀਵਾਂ ਦਾ ਅਧਿਐਨ

(ii) ਭਾਰਤ ਵਿਚ ਸੰਸਾਰ ਦੇ ਕਿੰਨੇ ਫ਼ੀਸਦੀ ਨਵਿਆਉਣ ਯੋਗ ਜਲ ਸਾਧਨ ਹਨ?

(ੳ) 3 (ਅ) 4

(ੲ) 5 (ਸ) 7

(iii) ਅਰਥਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਕਿਸ ਨੇ ਦਿੱਤੀ?

(ੳ) ਐਲਫ੍ਰਡ ਮਾਰਸ਼ਲ (ਅ) ਐਡਮ ਸਮਿਥ

(ੲ) ਏ. ਸੀ. ਪੀਗੂ (ਸ) ਸੈਮੂਅਲਸਨ

(iv) ਹੇਠ ਲਿਖਿਆਂ ਵਿੱਚੋਂ ਕਿਹੜਾ ਸਰੋਤ ਉਧਾਰ ਦਾ ਰਸਮੀ ਸਰੋਤ ਨਹੀਂ ਹੈ?

(ੳ) ਰਾਸ਼ਟਰੀਕ੍ਰਿਤ ਬੈਂਕ (ਅ) ਸਹਿਕਾਰੀ ਸਭਾਵਾਂ

(ੲ) ਨਿੱਜੀ ਬੈਂਕ (ਸ) ਮਹਾਜਨ (ਸ਼ਾਹੂਕਾਰ)

(v) 2011 ਦੀ ਜਨਗਣਣਾ ਅਨੁਸਾਰ ਭਾਰਤ ਦੀ ਕਿੰਨੇ ਪ੍ਰਤੀਸ਼ਤ ਜਨਸੰਖਿਆ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਹੈ?

(ੳ) 20.9% (ਅ) 21.9%

(ੲ) 22.9% (ਸ) 23.9%

(vi) ਸੱਜਣ ਠੱਗ ਨਾਲ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਕਿਸ ਸਥਾਨ ‘ਤੇ ਹੋਈ?

(ੳ) ਪਟਨਾ (ਅ) ਸਿਆਲਕੋਟ

(ੲ) ਤਾਲੁੰਬਾ (ਸ) ਕਰਤਾਰਪੁਰ

(vii) ਗੁਰੂ ਅੰਗਦ ਦੇਵ ਜੀ ਕਦੋਂ ਜੋਤੀ –ਜੋਤ ਸਮਾਏ ਸਨ ?

(ੳ) 1469 ਈ. (ਅ) 1538 ਈ.

(ੲ) 1546 ਈ. (ਸ) 1552 ਈ.

(viii) ਭੰਗਾਣੀ ਦਾ ਯੁੱਧ ਕਦੋਂ ਹੋਇਆ ਸੀ ?

(ੳ) 1675 ਈ. (ਅ) 1688 ਈ.

(ੲ) 1699 ਈ. (ਸ) 1705 ਈ.

(ix) ਰਾਸ਼ਟਰਪਤੀ ਦੀ ਚੋਣ ਕਿਸ ਵਿਧੀ ਨਾਲ ਹੁੰਦੀ ਹੈ?

(ੳ) ਪ੍ਰਤੱਖ (ਅ)ਅਪ੍ਰਤੱਖ

(ੲ) ਹੱਥ ਖੜ੍ਹੇ ਕਰਕੇ (ਸ) ਅਵਾਜ਼ ਪ੍ਰਭਾਵ ਨਾਲ

(x) ਰਾਜ ਸਭਾ ਦਾ ਕਾਰਜ ਕਾਲ ਕਿੰਨਾ ਹੁੰਦਾ ਹੈ?

(ੳ) ਤਿੰਨ ਸਾਲ (ਅ) ਚਾਰ ਸਾਲ

(ੲ) ਪੰਜ ਸਾਲ (ਸ)ਛੇ ਸਾਲ

**ਭਾਗ (ਅ)**

**2. ਵਸਤੂਨਿਸ਼ਠ ਪ੍ਰਸ਼ਨ** **12x 2 = 24**

**ੳ- ਖ਼ਾਲੀ ਥਾਵਾਂ ਭਰੋ:-**

(i) ਲੋਨਾਰ ਝੀਲ _______ ਰਾਜ ਵਿੱਚ ਸਥਿਤ ਹੈ।

(ii) ਇੰਟਰਨੈਟ ਬੈਂਕਿੰਗ _______ ਦਾ ਇੱਕ ਰੂਪ ਹੈ।

(iii) ਗੁਰੂ ਨਾਨਕ ਦੇਵ ਜੀ ਨੂੰ ________ ਦੀ ਪਾਠਸ਼ਾਲਾ ਵਿੱਚ ਪੜ੍ਹਨ ਲਈ ਭੇਜਿਆ ਗਿਆ ਸੀ।

(iv) ਪੰਜਾਬ ਰਾਜ ਤੋਂ ਲੋਕ ਸਭਾ ਵਿੱਚ ________ ਮੈਂਬਰ ਹਨ।

**ਅ- ਕਥਨਾਂ ਦੇ ਸਹੀ / ਗ਼ਲਤ ਹੋਣ ਸਬੰਧੀ ਲਿਖੋ:-**

(v) ਡਾ. ਰਜੇਂਦਰ ਸਿੰਘ ਨੂੰ ਭਾਰਤ ਦਾ ਜਲ ਪੁਰਸ਼ ਕਿਹਾ ਜਾਂਦਾ ਹੈ।

(vi) ਵਿਕਾਸ ਦੇ ਨਾਲ-ਨਾਲ, ਪ੍ਰਾਥਮਿਕ ਖੇਤਰ ਦੀ ਤੁਲਨਾਤਮਕ ਮਹੱਤਤਾ ਵਿੱਚ ਵਾਧਾ ਹੁੰਦਾ ਹੈ।

(vii) ਗੁਰੂ ਅਮਰਦਾਸ ਜੀ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ।

(viii) ਲੋਕ ਸਭਾ ਦਾ ਮੈਂਬਰ ਬਣਨ ਲਈ ਘੱਟ ਤੋਂ ਘੱਟ ਉਮਰ 30 ਸਾਲ ਹੋਣੀ ਚਾਹੀਦੀ ਹੈ।

**ੲ- ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਓ:-**

(ix) ਨਿਰਮਾਣ ਤੋਂ ਕੀ ਭਾਵ ਹੈ?

(x) ਉਪਭੋਗਤਾ ਸੁਰੱਖਿਆ ਐਕਟ ਕਦੋਂ ਬਣਾਇਆ ਗਿਆ ਸੀ ?

(xi) ਚਾਬੀਆਂ ਵਾਲਾ ਮੋਰਚਾ ਕਿਉਂ ਲੱਗਾ ?

(xii) ਲੋਕਤੰਤਰ ਤੋਂ ਤੁਸੀਂ ਕੀ ਸਮਝਦੇ ਹੋ?

**ਭਾਗ (ੲ)**

**3. ਹਰੇਕ ਪ੍ਰਸ਼ਨ ਦਾ ਉੱਤਰ 25 -30 ਸ਼ਬਦਾਂ ਵਿੱਚ ਦਿਓ:-** **6x3 = 18**

(i) ਪਹਾੜੀ ਖੇਤਰ ਵਿੱਚ ਭੋਂ- ਖੋਰ ਰੋਕਣ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਸਕਦੇ ਹਨ?

(ii) ਗਲੋਬਲ ਹੰਗਰ ਇੰਡੈਕਸ ਤੋਂ ਕੀ ਭਾਵ ਹੈ।

(iii) ਸਰਕਾਰੀ ਆਮਦਨ ਦੀਆਂ ਕੁੱਝ ਮੱਦਾਂ ਦਾ ਵਰਨਣ ਕਰੋ।

(iv) ਕੋਈ ਤਿੰਨ ਦੁਆਬਿਆਂ ਦਾ ਸੰਖੇਪ ਵਰਨਣ ਕਰੋ।

(v) ਸਭ ਤੋਂ ਪਹਿਲੀ ਮਿਸਲ ਕਿਹੜੀ ਸੀ? ਉਸ ਦਾ ਵਰਨਣ ਲਿਖੋ।

(vi) ਭਾਰਤ ਅਤੇ ਸੰਯੁਕਤ ਰਾਜ ਦੇ ਸਬੰਧਾਂ ਦਾ ਵਰਨਣ ਕਰੋ।

**ਭਾਗ (ਸ)**

**4.ਸਰੋਤ ਅਧਾਰਤ ਪ੍ਰਸ਼ਨ** **4x3= 12**

ਭਾਰਤ ਜਦੋਂ ਅਜ਼ਾਦ ਹੋਇਆ ਤਾਂ ਸਾਰਾ ਸੰਸਾਰ ਦੋ ਗੁੱਟਾਂ ਵਿੱਚ ਵੰਡਿਆ ਹੋਇਆ ਸੀ – ਸੋਵੀਅਤ ਸੰਘ (ਰੂਸ) ਅਤੇ ਐਂਗਲੋ ਅਮਰੀਕਨ ਗੁੱਟ । ਭਾਰਤ ਦੀ ਵਿਦੇਸ਼ ਨੀਤੀ ਦੇ ਨਿਰਮਾਤਾ ਪੰਡਿਤ ਨਹਿਰੂ ਨੇ ਇਹ ਮਹਿਸੂਸ ਕੀਤਾ ਕਿ ਰਾਸ਼ਟਰ ਦਾ ਨਿਰਮਾਣ ਕਰਨ ਲਈ ਭਾਰਤ ਨੂੰ ਸ਼ਕਤੀ ਗੁੱਟਾਂ ਦੇ ਸੰਘਰਸ਼ ਤੋਂ ਦੂਰ ਰਹਿਣਾ ਚਾਹੀਦਾ ਹੈ । ਇਸ ਲਈ ਪੰਡਿਤ ਨਹਿਰੂ ਨੇ ਗੁਟ-ਨਿਰਲੇਪ ਰਹਿਣ ਦੀ ਨੀਤੀ ਨੂੰ ਅਪਨਾਇਆ । ਗੁਟ- ਨਿਰਲੇਪਤਾ ਦਾ ਅਰਥ ਹੈ ਕਿ ਮੁਕਾਬਲੇਬਾਜ਼ ਸ਼ਕਤੀ ਗੁੱਟਾਂ ਤੋਂ ਜਾਣ ਬੁਝਕੇ ਦੂਰ ਰਹਿਣਾ, ਕਿਸੇ ਦੇਸ਼ ਪ੍ਰਤੀ ਵੈਰ –ਵਿਰੋਧ ਦੀ ਭਾਵਨਾ ਨਾ ਰਖਣਾ ਅਤੇ ਅੰਤਰ ਰਾਸ਼ਟਰੀ ਸਮੱਸਿਆਵਾਂ ਨੂੰ ਗੁਣ ਦੇ ਅਧਾਰ 'ਤੇ ਨਿਰਣਾ ਕਰਨਾ ਅਤੇ ਦੇਸ਼ਾਂ ਵਿਚਾਲੇ ਸਬੰਧਾਂ ਦੀ ਸੁਤੰਤਰ ਨੀਤੀ ਨੂੰ ਅਪਨਾਉਣਾ । ਭਾਰਤ ਦੇ ਯਤਨਾਂ ਨਾਲ ਹੀ ਗੁਟ-ਨਿਰਲੇਪ ਅੰਦੋਲਨ ਸਮੁੱਚੇ ਵਿਸ਼ਵ ਵਿੱਚ ਇੱਕ ਸ਼ਕਤੀ ਸ਼ਾਲੀ ਅਤੇ ਪ੍ਰਭਾਵਸ਼ਾਲੀ ਅੰਦੋਲਨ ਬਣ ਗਿਆ ਹੈ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(i) ਭਾਰਤ ਦੀ ਵਿਦੇਸ਼ ਨੀਤੀ ਦੇ ਦੋ ਮੁੱਖ ਸਿਧਾਂਤ ਦੱਸੋ । 3

(ii) ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਕਿਹੜੇ ਦੋ ਤਾਕਤਵਰ ਦੇਸ਼ਾ ਵਿਚਾਲੇ ਕਿਹੜੀ ਕਿਸਮ ਦਾ ਯੁੱਧ ਸ਼ੁਰੂ ਹੋਇਆ? 3

(iii) ਗੁੱਟ-ਨਿਰਲੇਪ ਅੰਦੋਲਨ ‘ਤੇ ਨੋਟ ਲਿਖੋ। 3

(iv) ਗੁੱਟ-ਨਿਰਲੇਪ ਅੰਦੋਲਨ ਵਿੱਚ ਸ਼ਾਮਲ ਕੋਈ ਤਿੰਨ ਦੇਸ਼ਾਂ ਦੇ ਨਾਮ ਲਿਖੋ। 3

**ਭਾਗ (ਹ)**

**5. ਮਾਨ - ਚਿੱਤਰ:-** **3+3= 6**

(i) ਦਿੱਤੇ ਗਏ ਭਾਰਤ ਦੇ ਮਾਨ – ਚਿੱਤਰ ਵਿੱਚ ਕੋਈ ਤਿੰਨ ਸਥਾਨ ਭਰੋ।

- ਸਭ ਤੋਂ ਵੱਧ ਜੰਗਲ ਅਧੀਨ ਰਕਬੇ ਵਾਲਾ ਕੇਂਦਰ ਸ਼ਾਸਤ ਪ੍ਰਦੇਸ਼
- ਰੇਤਲੀ ਮਿੱਟੀ ਦਾ ਇਲਾਕਾ
- ਰਾਮਸਰ ਸੰਮੇਲਨ ਦਾ ਇੱਕ ਕੇਂਦਰ
- ਭਾਖੜਾ ਡੈਮ
- ਨੈਨੀਤਾਲ ਝੀਲ
- ਕੋਲਾ ਉਤਪਾਦਕ ਦਾ ਕੋਈ ਇੱਕ ਖੇਤਰ

(ii) ਦਿੱਤੇ ਗਏ ਪੰਜਾਬ ਦੇ ਮਾਨ-ਚਿੱਤਰ ਵਿੱਚ ਕੋਈ ਤਿੰਨ ਸਥਾਨ ਭਰੋ।

- ਆਨੰਦਪੁਰ ਸਾਹਿਬ
- ਭੰਗਾਣੀ
- ਸਰਹਿੰਦ
- ਸਢੌਰਾ
- ਬੱਦੋਵਾਲ
- ਰਾਮਨਗਰ